# ਪੰਜਾਬ ਵਿਧਾਨ ਸਭਾ ਸਕੱਤਰੇਤ

**ਸੋਮਵਾਰ, ਮਿਤੀ 19 ਅਕਤੂਬਰ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

**ਕੋਵਿਡ-19 ਕਾਰਨ ਜਿਲ੍ਹਾ ਰੂਪਨਗਰ ਦੇ ਵਿਅਕਤੀਆਂ ਤੇ ਖਰਚ ਕੀਤੇ ਪੈਸੇ ਦੇ ਵੇਰਵੇ**

471. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੋਵਿਡ-19 ਕਾਰਨ ਜ਼ਿਲ੍ਹਾ ਰੂਪਨਗਰ ਵਿੱਚ ਇਕਾਂਤਵਾਸ ਕੀਤੇ ਹੋਏ ਵਿਅਕਤੀਆਂ ਦੀ ਦੇਖਭਾਲ ਲਈ ਹੁਣ ਤੱਕ ਕਿੰਨਾ ਪੈਸਾ ਆਇਆ ਹੈ ਅਤੇ ਇਸ ਪੈਸੇ ਨੂੰ ਖਰਚ ਕੀਤੇ ਜਾਣ ਦੇ ਵੇਰਵੇ ਕੀ ਹਨ?

**ਸਸਕੌਰ ਵਾਟਰ ਪ੍ਰੋਜੈਕਟ ਦੀਆਂ ਪਾਈਪਾਂ ਦੱਬਣ ਲਈ ਪੁੱਟੀਆਂ ਗਈਆਂ ਸੜਕਾਂ ਦੀ ਮੁਰੰਮਤ**

472. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਜ਼ਿਲ੍ਹਾ ਰੂਪਨਗਰ ਵਿੱਚ ਸਸਕੌਰ ਵਾਟਰ ਪ੍ਰਾਜੈਕਟ ਲਈ ਪਾਈਪਾਂ ਦੱਬਣ ਲਈ ਜੋ ਸੜਕਾਂ ਪੁੱਟੀਆਂ ਗਈਆਂ ਸਨ, ਉਨ੍ਹਾਂ ਸੜਕਾਂ ਦੀ ਮੁਰੰਮਤ ਲਈ ਵਿਭਾਗ ਵੱਲੋਂ ਬਣਦੀ ਰਕਮ ਅਦਾ ਕੀਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਇਹ ਰਕਮ ਕਿੰਨੀ ਸੀ ਅਤੇ ਇਸ ਰਕਮ ਨਾਲ ਹੁਣ ਤੱਕ ਅਜਿਹੀਆਂ ਕਿੰਨੀਆਂ ਸੜਕਾਂ ਦੀ ਮੁਰੰਮਤ ਹੋ ਚੁੱਕੀ ਹੈ?

**ਰੂਪਨਗਰ ਦੀ ਨਹਿਰੀ ਵਿਭਾਗ ਦੀ ਜਮੀਨ ਕਿਸੇ ਵਿਅਕਤੀ ਦੇ ਨਾਮ ਕਰਵਾਉਣਾ**

473. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਾਲ 2016 ਤੋਂ 2020 ਤੱਕ ਨਹਿਰੀ ਵਿਭਾਗ ਰੂਪਨਗਰ ਦੀ ਜ਼ਮੀਨ ਕਿਸੀ ਵਿਅਕਤੀ, ਫ਼ਰਮ, ਸੰਸਥਾ ਜਾਂ ਦਫ਼ਤਰ ਆਦਿ ਦੇ ਨਾਮ ਕਰਵਾਈ ਗਈ ਹੈ, ਜੇਕਰ ਹਾਂ ਤਾਂ ਉਸਦੇ ਵੇਰਵੇ ਕੀ ਹਨ?

**ਬੁਢਲਾਡਾ-ਬੋਹਾ ਸੜਕ ਦੀ ਮੁਰੰਮਤ ਦਾ ਕੰਮ**

474. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਬੁਢਲਾਡਾ ਬੋਹਾ ਸੜਕ ਦੀ ਮੁਰੰਮਤ ਦੇ ਕੰਮ ਦਾ ਟੈਂਡਰ ਲਗਾਇਆ ਹੋਇਆ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸੜਕ ਦੀ ਮੁਰੰਮਤ ਦਾ ਕੰਮ ਟੈਂਡਰ ਦੇ ਨਿਸ਼ਚਿਤ ਸਮੇਂ ਵਿੱਚ ਹੋ ਰਿਹਾ ਹੈ, (ਗਿਆ ਹੈ);

**ਅ)** ਜੇਕਰ ਸੜਕ ਦੀ ਮੁਰੰਮਤ ਦਾ ਕੰਮ ਨਿਸ਼ਚਿਤ ਸਮੇਂ ਵਿੱਚ ਠੇਕੇਦਾਰ ਨਹੀਂ ਕਰਦਾ ਤਾਂ ਵਿਭਾਗ ਉਸ ਠੇਕੇਦਾਰ ਅਤੇ ਜ਼ਿਮੇਵਾਰ ਅਧਿਕਾਰੀਆਂ ਤੇ ਕੀ ਐਕਸ਼ਨ ਕਰ ਰਹੀ ਹੈ?

**ਪੰਜਾਬ ਵਿੱਚ MPHW (Female) ਦੀਆਂ ਪੋਸਟਾਂ ਰੈਗੂਲਰ ਕਰਨਾ**

475. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ:-

**ੳ)** ਪੰਜਾਬ ਵਿੱਚ MPHW (Female) ਦੀਆਂ ਕਿੰਨੀਆਂ ਪੋਸਟਾਂ ਹਨ;

**ਅ)** ਕਿੰਨੀਆਂ MPHW (Female) ਠੇਕੇ ਤੇ ਕਿੰਨੇ ਚਿਰ ਤੋਂ ਕੰਮ ਕਰ ਰਹੀਆਂ ਹਨ;

**ੲ)** ਕੀ ਸਰਕਾਰ ਇਹਨਾਂ ਠੇਕੇ ਅਧਾਰਿਤ MPHW (Female) ਨੂੰ ਰੈਗੂਲਰ ਕਰਨ ਬਾਰੇ ਕੋਈ ਵਿਚਾਰ ਰਖਦੀ ਹੈ?

**ਮਾਨਸਾ ਵਿਖੇ ਖੇਤੀਬਾੜੀ ਦੇ ਦਫਤਰ ਅਤੇ ਖਾਲੀ ਅਸਾਮੀਆਂ ਦੇ ਵੇਰਵੇ**

476. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਜ਼ਿਲਾ ਮਾਨਸਾ ਵਿੱਚ ਖੇਤੀਬਾੜੀ ਵਿਭਾਗ ਦੇ ਕਿੰਨੇ ਦਫਤਰ ਆਪਣੀ ਬਿਲਡਿੰਗ ਵਿੱਚ ਚਲਦੇ ਹਨ ਅਤੇ ਕਿੰਨੇ ਦਫਤਰ ਕਿਸੇ ਹੋਰ ਮਹਿਕਮੇ ਦੀਆਂ ਇਮਾਰਤਾਂ ਵਿੱਚ ਚਲ ਰਹੇ ਹਨ;

**ਅ)** ਇਹਨਾਂ ਦਫਤਰਾਂ ਵਿੱਚ ਕੁੱਲ ਕਿੰਨੀਆਂ ਪੋਸਟਾਂ ਹਨ ਅਤੇ ਕਿੰਨੀਆਂ ਖਾਲੀ ਹਨ; ਕੀ ਇਹਨਾਂ ਪੋਸਟਾਂ ਨੂੰ ਭਰਨ ਦੀ ਕੋਈ ਤਜਵੀਜ ਵਿਭਾਗ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਬੁਢਲਾਡਾ ਵਿਖੇ ਪਸ਼ੂ ਹਸਪਤਾਲ ਦੀ ਅਨਸੇਫ ਬਿਲਡਿੰਗ**

477. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਬੁਢਲਾਡਾ ਵਿਖੇ ਪਸ਼ੂ ਹਸਪਤਾਲ ਵਿੱਚ ਕੋਈ ਅਨਸੇਫ ਬਿਲਡਿੰਗ ਹੈ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਇਹ ਅਨਸੇਫ ਬਿਲਡਿੰਗਾਂ ਨੂੰ ਗਿਰਾ ਕੇ ਪੱਧਰਾ ਕਦੋਂ ਤੱਕ ਬਣਾਇਆ ਜਾਵੇਗਾ?

**ਕੋਵਿਡ-19 ਮਹਾਂਮਾਰੀ ਦੋਰਾਨ ਪੰਜਾਬ ਨੂੰ ਮਿਲੇ ਫੰਡ ਦੇ ਵੇਰਵੇ**

478. **ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.:-**ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੋਵਿਡ-19 ਮਹਾਂਮਾਰੀ ਲਈ ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਤੋਂ ਕਿੰਨਾ ਫੰਡ ਜਾਰੀ ਹੋਇਆ ਹੈ, ਜਿਲ੍ਹਾ ਵਾਰ ਵੇਰਵੇ ਦਿੱਤੇ ਜਾਣ;

ਅ) ਕਰੋਨਾ ਮਹਾਂਮਾਰੀ ਦੀ ਰੋਕਥਾਮ ਲਈ ਜਿਲ੍ਹਾ ਬਠਿੰਡਾ ਨੂੰ ਕੁਲ ਕਿੰਨਾ ਫੰਡ ਜਾਰੀ ਕੀਤਾ ਗਿਆ ਅਤੇ ਕਿੰਨਾ ਖਰਚ ਕੀਤਾ ਗਿਆ, ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

**ਕੋਵਿਡ-19 ਦੋਰਾਨ ਮੁੱਖ ਮੰਤਰੀ ਰਿਲੀਫ ਫੰਡ ਵਿਚ ਜਮ੍ਹਾ ਰਾਸ਼ੀ ਦੇ ਵੇਰਵੇ**

479. **ਸ਼੍ਰੀਮਤੀ ਰੁਪਿੰਦਰ ਕੌਰ ਰੂਬੀ,ਐਮ.ਐਲ.ਏ.:-**ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੋਵਿਡ-19 ਮਹਾਂਮਾਰੀ ਦੇ ਚਲਦੇ ਮੁੱਖ ਮੰਤਰੀ ਰੀਲੀਫ ਫੰਡ ਵਿੱਚ ਕਿੰਨਾ ਧਨ ਜਮ੍ਹਾ ਹੋ ਚੁੱਕਾ ਹੈ ਅਤੇ ਕਿੱਥੇ ਵਰਤਿਆ ਗਿਆ, ਵੇਰਵੇ ਦਿੱਤੇ ਜਾਣ?

**ਰਾਜ ਸਰਕਾਰ ਵਲੋਂ ਹਰ ਘਰ ਦੇ ਇਕ ਮੈਂਬਰ ਨੂੰ ਨੋਕਰੀ ਦੇਣਾ**

480. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-**ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਰਾਜ ਸਰਕਾਰ ਵੱਲੋਂ ਸੂਬੇ ਦੇ ਹਰ ਘਰ ਦੇ ਇਕ ਮੈਂਬਰ ਨੂੰ ਨੌਕਰੀ ਦੇਣ ਦੇ ਕੀਤੇ ਗਏ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ, ਜੇਕਰ ਹਾਂ ਤਾਂ ਸਾਲ 2017 ਤੋਂ ਹੁਣ ਤੱਕ ਰਾਜ ਦੇ ਕਿੰਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਇਸ ਸਕੀਮ ਤਹਿਤ ਨੌਕਰੀਆਂ ਦਿੱਤੀਆਂ ਹਨ, ਵੇਰਵੇ ਸਹਿਤ ਦਸਿਆ ਜਾਵੇ;

**ਅ)** ਹਲਕਾ ਜਗਰਾਉਂ ਦੇ ਕਿੰਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ, ਵੇਰਵੇ ਸਹਿਤ ਦਸਿਆ ਜਾਵੇ?

**ਪੇਂਡੂ ਲਿੰਕ ਸੜਕਾਂ ਨੂੰ ਹੈਵੀ ਕਮਰਸ਼ੀਅਲ ਵਹੀਕਲਾਂ ਤੋਂ ਬਚਾਉਣਾ**

481. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ,ਐਮ.ਐਲ.ਏ.:-**ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਪੇਂਡੂ ਲਿੰਕ ਸੜਕਾਂ ਉਪਰੋਂ ਟੋਲ ਟੈਕਸ ਬਚਾਉਣ ਲਈ ਹੈਵੀ ਕਮਰਸ਼ੀਅਲ ਵਹੀਕਲ/ਟਿੱਪਰ ਲੰਘਨ ਕਾਰਨ ਇਹ ਲਿੰਕ ਸੜਕਾਂ ਬਣਨ ਦੇ ਕੁਝ ਸਮੇਂ ਬਾਅਦ ਹੀ ਟੁੱਟਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਇਹਨਾਂ ਨੂੰ ਪੇਂਡੂ ਲਿੰਕ ਸੜਕਾਂ ਉੱਪਰ ਚੱਲਣ ਤੋਂ ਰੋਕਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ;

**ਅ)** ਕੀ ਇਨ੍ਹਾਂ ਕਮਰਸ਼ੀਅਲ ਹੈਵੀ ਵਹੀਕਲ/ ਟਿੱਪਰ ਤੋ ਪੇਂਡੂ ਲਿੰਕ ਰੋਡ ਉੱਪਰੋਂ ਲੰਘਣ ਦੀ ਸੂਰਤ ਵਿੱਚ ਲੋਕਲ ਗ੍ਰਾਮ ਪੰਚਾਇਤ ਟੈਕਸ ਵਸੂਲ ਕਰ ਸਕਦੀ ਹੈ; ਇਸ ਸਬੰਧੀ ਰੂਲਾਂ ਦੀ ਕਾਪੀ ਤੇ ਇਨਾਂ ਟਿੱਪਰਾਂ/ ਵਹੀਕਲਾਂ ਤੋਂ ਗ੍ਰਾਮ ਪੰਚਾਇਤ ਕਿੰਨਾਂ ਟੈਕਸ ਵਸੂਲ ਕਰ ਸਕਦੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਹਲਕਾ ਜਗਰਾਉਂ ਦੇ ਸਰਕਾਰੀ ਸਕੂਲਾਂ ਵਿਚ ਸਟਾਫ ਦੀ ਕਮੀ**

482. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-**ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਿਧਾਨ ਸਭਾ ਹਲਕਾ ਜਗਰਾਉਂ ਵਿੱਚ ਪੈਂਦੇ ਸਰਕਾਰੀ ਸਕੂਲਾਂ ਦਾ ਸਟਾਫ ਪੂਰਾ ਹੈ; ਜੇਕਰ ਨਹੀਂ ਤਾਂ ਇਹਨਾਂ ਸਕੂਲਾਂ ਵਿੱਚ ਸਟਾਫ ਦੀ ਕਿੰਨੀ-ਕਿੰਨੀ ਘਾਟ ਹੈ ਅਤੇ ਇਹ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਵਿੱਚ ਸਾਲ 2012 ਤੋਂ 2020 ਤੱਕ ਵੇਚੀਆਂ ਪੰਚਾਇਤੀ ਜਮੀਨਾਂ ਦੇ ਵੇਰਵੇ**

483. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-**ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਰਾਜ ਵਿੱਚ ਸਾਲ 2012-2013 ਤੋਂ 2019-2020 ਤੱਕ ਵੇਚੀਆਂ ਗਈਆਂ ਪੰਚਾਇਤੀ ਜਮੀਨਾਂ (ਸ਼ਾਮਲਾਤ ਜਮੀਨਾਂ) ਦੇ ਵੇਰਵੇ ਕੀ ਹਨ;

**ਅ)** ਹਲਕਾ ਜਗਰਾਉਂ ਵਿੱਚ ਇੰਨ੍ਹਾਂ ਸਾਲਾਂ ਦੌਰਾਨ ਕਿੰਨੀਆਂ ਸ਼ਾਮਲਾਤ ਜਮੀਨਾਂ ਵੇਚੀਆਂ ਗਈਆਂ ਹਨ, ਵੇਰਵੇ ਸਹਿਤ ਦੱਸਿਆ ਜਾਵੇ;

**ੲ)** ਜੇਕਰ ਪੰਚਾਇਤਾਂ ਆਪਣੇ ਪੱਧਰ ਤੇ ਸ਼ਾਮਲਾਤ ਜਮੀਨਾਂ ਵੇਚ ਸਕਦੀਆਂ ਹਨ ਤਾਂ ਨਿਯਮਾਂ ਦੀ ਕਾਪੀ ਪੇਸ਼ ਕੀਤੀ ਜਾਵੇ?

**ਪਰਤੋਂ ਜੀ...**

**ਕਾਲਜਾਂ/ਯੂਨੀਵਰਸੀਟੀਆਂ ਦੇ ਅਧਿਆਪਨ ਅਮਲੇ ਨੂੰ ਦਿੱਤੇ ਜਾਣ ਵਾਲੇ ਪੇ ਸਕੇਲ**

484. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.:**-ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਕਾਲਜਾਂ ਅਤੇ ਯੂਨੀਵਰਸੀਟੀਆਂ ਦੇ ਅਧਿਆਪਨ ਅਮਲੇ ਨੂੰ ਯੂ.ਜੀ.ਸੀ. ਦੇ ਸੋਧੇ ਹੋਏ ਨਵੇਂ ਪੇ ਸਕੇਲ ਪੰਜਾਬ ਸਰਕਾਰ ਦੁਆਰਾ ਅਜੇ ਨਹੀਂ ਦਿੱਤੇ ਗਏ ਹਨ;

**ਅ)** ਕੀ ਇਹ ਵੀ ਠੀਕ ਹੈ ਕਿ ਜਦੋਂ ਯੂ.ਜੀ.ਸੀ. ਪੇ ਸਕੇਲ ਰਿਵਾਇਜ਼ ਕਰਦੀ ਹੈ ਤਾਂ ਵਧੀ ਹੋਈ ਤਨਖਾਹ ਦਾ ਜੋ ਏਰੀਅਰ ਬਣਦਾ ਹੈ ਉਸ ਵਿੱਚੋਂ ਕੁਝ ਹਿੱਸਾ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ;

**ੲ)** ਜੇਕਰ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੇਂਦਰ ਸਰਕਾਰ ਵੱਲੋਂ ਇਹ ਹਿੱਸਾ, ਇਸ ਵਾਰ ਕਿੰਨਾਂ ਦਿੱਤਾ ਜਾਣਾ ਹੈ ਅਤੇ ਇਸ ਹਿੱਸੇ ਨੂੰ ਦੇਣ ਦੀ ਕੇਂਦਰ ਵੱਲੋਂ ਕੋਈ ਆਖਰੀ ਮਿਤੀ ਨਿਰਧਾਰਤ ਕੀਤੀ ਗਈ ਹੈ, ਜੇਕਰ ਅਜਿਹਾ ਹੈ ਤਾਂ ਇਹ ਮਿਤੀ ਕਿਹੜੀ ਹੈ;

**ਸ)** ਕੀ ਪੰਜਾਬ ਸਰਕਾਰ ਦੁਆਰਾ ਸਕੇਲ ਨਾ ਦਿੱਤੇ ਜਾਣ ਕਾਰਨ, ਕੇਂਦਰ ਸਰਕਾਰ ਦੁਆਰਾ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਲੈਪਸ ਹੋ ਗਈ ਹੈ; ਜੇਕਰ ਅਜਿਹਾ ਹੈ ਤਾਂ ਪੰਜਾਬ ਸਰਕਾਰ ਦਾ ਕੁੱਲ ਕਿੰਨਾਂ ਨੁਕਸਾਨ ਹੋ ਚੁੱਕਿਆ ਹੈ?

**ਪੰਜਾਬ ਸਰਕਾਰ ਦੁਆਰਾ ਲਏ ਗਏ ਕਰਜੇ ਦਾ ਵੇਰਵਾ**

485. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:**-ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਿਤੀ ਅੰਤ ਤੱਕ ਪੰਜਾਬ ਸਰਕਾਰ ਸਿਰ ਕੁੱਲ ਕਿੰਨਾ ਕਰਜ਼ਾ ਹੈ, ਇਹ ਕਿੱਥੋਂ ਕਿੱਥੋਂ, ਕਿੰਨੇ ਕਿੰਨੇ ਵਿਆਜ ਤੇ, ਅਤੇ ਕਦੋਂ ਕਦੋਂ ਲਿਆ ਗਿਆ ਹੈ, ਇਹ ਕਰਜੇ ਕਿਸ ਕਿਸ ਮਨੋਰਥ ਨਾਲ ਲਏ ਗਏ ਸਨ, ਕਰਜਿਆਂ ਲਈ ਕੀ ਕੀ ਗਹਿਣੇ ਜਾਂ ਕੁਲੈਟਰਲ ਰੱਖਿਆ ਗਿਆ ਹੈ?

**ਵਿਦਿਆਰਥੀਆਂ ਦੇ ਪੇਪਰਾਂ ਵਿਚ ਬੈਠਣ ਲਈ ਹਾਜ਼ਰੀ ਦੀ ਗਿਣਤੀ**

486. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.:**-ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਦਿਆਰਥੀਆਂ ਲਈ ਪੇਪਰ ਵਿੱਚ ਬੈਠਣ ਲਈ ਘੱਟੋ ਘੱਟ ਕਿੰਨੇ ਫੀਸਦੀ ਹਾਜ਼ਰੀ ਜ਼ਰੂਰੀ ਹੈ, ਵਿਦਿਆਰਥੀਆਂ ਦੀ ਹਾਜ਼ਰੀ ਸਬੰਧੀ ਨਿਯਮ ਕੀ ਹਨ?

**ਸਾਲ 2017-18 ਵਿੱਚ ਭਰਤੀ ਹੋਏ ਤਕਨੀਕੀ ਸਿੱਖਿਆ ਵਿਭਾਗ ਦੇ ਲੈਕਚਰਾਰਾਂ ਦਾ ਪਰਖ ਕਾਲ**

487. **ਮਾਸਟਰ ਬਲਦੇਵ ਸਿੰਘ, ਐਮ.ਐਲ.ਏ.:**-ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਿੱਚ ਸੰਨ 2017 ਅਤੇ 2018 ਵਿੱਚ ਭਰਤੀ ਹੋਏ ਲੈਕਚਰਾਰਾਂ ਦਾ ਪਰਖ ਕਾਲ ਦਾ ਸਮਾਂ ਦੋ ਸਾਲ ਸੀ;

**ਅ)** ਕੀ ਇਹ ਵੀ ਠੀਕ ਹੈ ਕਿ ਜਿਨ੍ਹਾਂ ਲੈਕਚਰਾਰਾਂ ਦੇ ਪਰਖ ਕਾਲ ਦਾ ਸਮਾਂ ਪੂਰੇ ਹੋਏ ਨੂੰ ਕਾਫੀ ਸਮਾਂ ਹੋ ਗਿਆ ਹੈ, ਪਰ ਅਜੇ ਵੀ ਬਣਦੇ ਪੇ ਸਕੇਲ ਅਨੁਸਾਰ ਭੱਤਿਆਂ ਨੂੰ ਮਿਲਾ ਕੇ ਪੂਰੀ ਤਨਖਾਹ ਨਹੀਂ ਦਿੱਤੀ ਜਾ ਰਹੀ;

**ੲ)** ਪ੍ਰੋਬੇਸ਼ਨ ਕਲੀਅਰ ਕਰਨ ਸਬੰਧੀ ਫਾਈਲਾਂ ਦੀ ਮੌਜੂਦਾ ਸਥਿਤੀ ਕੀ ਹੈ ਉਹ ਕੋਣ ਕੋਣ ਅਧਿਕਾਰੀ ਹਨ ਜਿਹੜੇ ਫਾਈਲਾਂ ਕਲੀਅਰ ਨਹੀਂ ਕਰ ਰਹੇ ਹਨ ਅਤੇ ਲੈਕਚਰਾਰਾਂ ਦਾ ਪ੍ਰੋਬੇਸ਼ਨ ਕਲੀਅਰ ਕਰਨ ਵਿੱਚ ਅੜਚਨ ਬਣੇ ਹੋਏ ਹਨ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਸਰਕਾਰ ਕਾਰਵਾਈ ਕਿਉਂ ਨਹੀਂ ਕਰ ਰਹੀ?

**ਕੋਟਕਪੂਰਾ ਸਬ-ਡਵੀਜਨ ਦੇ ਕਿਸਾਨਾਂ ਨੂੰ 10 ਕੇ.ਵੀ.ਏ. ਦੇ ਟਰਾਂਸਫਾਰਮਰ ਮੁਹੱਈਆ ਕਰਵਾਉਣਾ**

488. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:**-ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੋਟਕਪੂਰਾ ਸਬ ਡਵੀਜਨ ਵਿੱਚ 19/09/2019 ਤੋਂ ਬਾਅਦ 10 ਕੇ ਵੀ ਏ ਦੇ ਕਿੰਨੇ ਟਰਾਂਸਫਾਰਮਰ ਕਿਹੜੇ-ਕਿਹੜੇ ਕਿਸਾਨਾਂ ਨੂੰ ਮੁਹੱਈਆ ਕਰਵਾਏ ਗਏ?

**ਹਲਕਾ ਕੋਟਕਪੂਰਾ ਵਿਖੇ ਗਿਰਦਾਵਰੀਆਂ ਵੈਰੀਫਾਈ ਕਰਨਾ**

489. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:**-ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਪ ਮੰਡਲ ਮੈਜਿਸਟ੍ਰੇਟ ਕੋਟਕਪੂਰਾ ਅਤੇ ਉਪ ਮੰਡਲ ਮੈਜਿਸਟ੍ਰੇਟ ਫਰੀਦਕੋਟ ਨੇ ਵਿਧਾਨ ਸਭਾ ਹਲਕਾ ਕੋਟਕਪੂਰਾ ਵਿਖੇ 2017 ਤੋਂ ਹੁਣ ਤੱਕ ਕਿੰਨੀਆਂ ਗਿਰਦਾਵਰੀਆਂ ਖੁਦ ਜਾ ਕੇ ਵੈਰੀਫਾਈ ਕੀਤੀਆਂ?

**ਪੰਜਾਬ ਸਰਕਾਰ ਦੀ ਐਗਰੀਕਲਚਰ ਪਾਲਿਸੀ**

490. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:**-ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਪੰਜਾਬ ਵਿੱਚ ਐਗਰੀਕਲਚਰ ਸੈਕਟਰ ਨੂੰ ਮਜਬੂਤੀ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਐਗਰੀਕਲਚਰ ਪਾਲਿਸੀ ਕੀ ਹੈ;

**ਅ)** ਕੀ ਐਗਰੀਕਲਚਰ ਪਾਲਿਸੀ ਬਣਾਉਣ ਲਈ ਕੋਈ ਕਮੇਟੀ ਬਣਾਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਕਮੇਟੀ ਦੀ ਰਿਪੋਰਟ ਦਿੱਤੀ ਜਾਵੇ ਜੀ?

**ਪੰਜਾਬ ਦੇ ਐਲਾਨੇ ਗਏ ਡਾਰਕ ਜ਼ੋਨ ਬਲਾਕਾਂ ਦੀ ਸਥਿਤੀ ਵਿਚ ਸੁਧਾਰ**

491. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:**-ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਪੰਜਾਬ ਦੇ ਕੁੱਲ ਕਿੰਨੇ ਬਲਾਕ ਡਾਰਕ ਜ਼ੋਨ ਐਲਾਨੇ ਜਾ ਚੁੱਕੇ ਹਨ;

**ਅ)** ਡਾਰਕ ਜ਼ੋਨ ਬਲਾਕਾਂ ਵਿੱਚ ਪਾਣੀ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

**ਬਰਨਾਲਾ ਦੇ ਐਸ.ਸੀ. ਵਸਨੀਕਾਂ ਨੂੰ ਪਲਾਟ ਅਲਾਟ ਕਰਨਾ**

492. **ਸਰਦਾਰ ਪਿਰਮਲ ਸਿੰਘ ਧੌਲਾ,ਐਮ.ਐਲ.ਏ.:**-ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਪਿੰਡ ਦਰਾਕਾ, ਜਿਲ੍ਹਾ ਬਰਨਾਲਾ ਵਿਖੇ ਅਨੁਸੂਚਿਤ ਜਾਤੀ ਦੇ ਵਸਨੀਕਾਂ ਨੂੰ ਪੰਜਾਬ ਸਰਕਾਰ ਵੱਲੋਂ ਪਲਾਟ ਕੱਟ ਕੇ ਦਿੱਤੇ ਗਏ ਸਨ; ਜੇਕਰ ਅਜਿਹਾ ਹੈ ਤਾਂ ਇਹਨਾਂ ਪਲਾਟਾਂ ਦੀ ਅਲਾਟਮੈਂਟ ਕਦੋਂ ਜਾਰੀ ਕੀਤੀ ਗਈ;

**ਅ)** ਜਾਰੀ ਕੀਤੇ ਗਏ ਪਲਾਟਾਂ ਦੇ ਵਰਗ ਗਜ ਅਤੇ ਲਾਭਪਾਤਰੀਆਂ ਦੇ ਵੇਰਵੇ ਦਿੱਤੇ ਜਾਣ?

**ਬਰਨਾਲਾ ਦੇ ਪਿੰਡ ਕਾਲੇਕੇ ਵਿਖੇ ਆਦਰਸ਼ ਸਕੂਲ ਨੂੰ ਜਾਣ ਵਾਲਾ ਰਸਤਾ ਪੱਕਾ ਕਰਨਾ**

493. **ਸਰਦਾਰ ਪਿਰਮਲ ਸਿੰਘ ਧੌਲਾ,ਐਮ.ਐਲ.ਏ.:**-ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਕਾਲੇਕੇ, ਜ਼ਿਲ੍ਹਾ ਬਰਨਾਲਾ ਵਿਖੇ ਆਦਰਸ਼ ਸਕੂਲ ਨੂੰ ਜਾਣ ਲਈ ਰਸਤਾ ਕੱਚਾ ਪਿਆ ਹੈ, ਜਿਸ ਕਾਰਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਕੂਲ ਤੱਕ ਪਹੁੰਚਣ ਲਈ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਇਸ ਕੱਚੇ ਪਏ ਰਸਤੇ ਨੂੰ ਪੱਕਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਮਾਨਸਾ ਕੈਂਚੀਆਂ ਤੋਂ ਲੈ ਕੇ ਪੱਖੋਂ ਤੱਕ ਸੜਕ ਦੀ ਰਿਪੇਅਰ**

494. **ਸਰਦਾਰ ਨਾਜਰ ਸਿੰਘ ਮਾਨਸ਼ਾਹੀਆਂ, ਐਮ.ਐਲ.ਏ.:**-ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਮਾਨਸਾ-ਬਰਨਾਲਾ ਰੋਡ ਉੱਪਰ ਮਾਨਸਾ ਕੈਂਚੀਆਂ ਤੋਂ ਪੱਖੋ ਤੱਕ ਸੜਕ ਦੀ ਹਾਲਤ ਬਹੁਤ ਬੁਰੀ ਹੈ ਅਤੇ ਵੱਡੇ-ਵੱਡੇ ਖੱਡੇ ਪਏ ਹੋਏ ਹਨ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਬਰਨਾਲਾ ਜ਼ਿਲ੍ਹਾ ਦੀ ਹੱਦ ਪੱਖੋਂ ਤੋਂ ਲੈ ਕੇ ਬਰਨਾਲਾ ਸ਼ਹਿਰ ਤੱਕ ਇਸ ਸੜਕ ਦੀ ਰਿਪੇਅਰ ਹੋ ਚੁੱਕੀ ਹੈ;

**ੲ)** ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਸੜਕ ਦਾ ਜ਼ਿਲ੍ਹਾ ਮਾਨਸਾ ਵਿੱਚ ਪੈਂਦਾ ਹਿੱਸਾ ਮਾਨਸਾ ਕੈਂਚੀਆਂ ਤੋਂ ਲੈ ਕੇ ਪੱਖੋ ਤੱਕ ਰਿਪੇਅਰ ਕਰਨ ਦੀ ਸਰਕਾਰ ਦੀ ਕੀ ਤਜਵੀਜ਼ ਹੈ?

**ਸਿਵਲ ਹਸਪਤਾਲ ਭੀਖੀ (ਮਾਨਸਾ) ਦੀ ਬਿਲਡਿੰਗ ਦੀ ਰਿਪੇਅਰ ਕਰਨਾ**

495. **ਸਰਦਾਰ ਨਾਜਰ ਸਿੰਘ ਮਾਨਸ਼ਾਹੀਆਂ, ਐਮ.ਐਲ.ਏ.:**-ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ ਭੀਖੀ (ਮਾਨਸਾ) ਦੀ ਬਿਲਡਿੰਗ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਿਵਲ ਹਸਪਤਾਲ ਭੀਖੀ (ਮਾਨਸਾ) ਦੀ ਬਿਲਡਿੰਗ ਦੀ ਰਿਪੇਅਰ ਕਰਨ ਜਾਂ ਨਵੇਂ ਸਿਰੇ ਤੋਂ ਬਣਾਉਣ ਦੀ ਕੋਈ ਤਜਵੀਜ਼ ਹੈ;

**ਅ)** ਸਿਵਲ ਹਸਪਤਾਲ ਭੀਖੀ (ਮਾਨਸਾ) ਵਿਖੇ ਡਾਕਟਰਾਂ ਦੀਆਂ ਕੁੱਲ ਅਸਾਮੀਆਂ ਦੀ ਗਿਣਤੀ ਕਿੰਨੀ ਹੈ; ਇਨ੍ਹਾਂ ਵਿੱਚੋਂ ਕਿੰਨੇ ਡਾਕਟਰਾਂ ਦੀਆਂ ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੇ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹਨ;

**ੲ)** ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਸਰਕਾਰ ਦੀ ਕੀ ਤਜਵੀਜ਼ ਹੈ?

**ਪਰਤੋਂ ਜੀ...**

**ਬਲਾਕ ਖੂਈਆਂ ਸਰਵਰ ਦੇ ਪਿੰਡਾਂ ਵਿੱਚ ਗ੍ਰਾਮ ਅਵਾਸ ਯੋਜਨਾਂ ਤਹਿਤ ਲਾਭਪਾਤਰੀਆਂ ਨੂੰ ਮਿਲਣ ਵਾਲੀਆਂ ਕਿਸ਼ਤਾ**

496. **ਸ਼੍ਰੀ ਅਰੁਣ ਨਾਰੰਗ, ਐਮ.ਐਲ.ਏ.:**-ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਹਲਕੇ ਦੇ ਬਲਾਕ ਖੂਈਆਂ ਸਰਵਰ ਦੇ ਪਿੰਡਾਂ ਵਿੱਚ ਗ੍ਰਾਮ ਅਵਾਸ ਯੋਜਨਾ ਤਹਿਤ ਸਰਕਾਰ ਵੱਲੋਂ ਲਾਭਪਾਤਰੀਆਂ ਨੂੰ ਕਿੰਨੀਆਂ-ਕਿੰਨੀਆਂ ਕਿਸ਼ਤਾਂ ਦੇ ਦਿੱਤੀਆਂ ਗਈਆਂ ਅਤੇ ਬਾਕੀ ਰਹਿੰਦੀਆਂ ਕਿਸ਼ਤਾਂ ਕਦੋਂ ਤੱਕ ਦੇ ਦਿੱਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

**ਲਾਭਪਾਤਰੀਆਂ ਨੂੰ ਨੀਲੇ ਕਾਰਡਾਂ ਦੀ ਥਾਂ ਤੇ ਸਮਾਰਟ ਕਾਰਡ ਬਣਾ ਕੇ ਦੇਣਾ**

497. **ਸ਼੍ਰੀ. ਅਰੁਣ ਨਾਰੰਗ, ਐਮ.ਐਲ.ਏ.:**-ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ, ਪੰਜਾਬ ਵੱਲੋਂ ਨੀਲੇ ਕਾਰਡਾਂ ਦੀ ਥਾਂ ਤੇ ਸਮਾਰਟ ਕਾਰਡ ਲਾਭਪਾਤਰੀਆਂ ਨੂੰ ਕਦੋਂ ਤੱਕ ਬਣਾ ਕੇ ਵੰਡ ਦਿੱਤੇ ਜਾਣਗੇ ਅਤੇ ਇਸ ਵੇਲੇ ਲਾਭਪਾਤਰੀਆਂ ਨੂੰ ਰਾਸ਼ਨ ਕਿਹੜੇ ਕਾਰਡਾਂ ਦੇ ਤਹਿਤ ਵੰਡਿਆ ਜਾ ਰਿਹਾ ਹੈ?

**ਪਿੰਡ ਰਾਊਕੇ ਕਲਾਂ ਦੀ ਡਰੇਨ ਤੋਂ ਨਜਾਇਜ਼ ਕਬਜੇ ਛੁਡਾਉਣਾ**

498. **ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:**- ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਰਾਊਕੇ ਕਲਾਂ ਵਿੱਚ ਜੋ ਡਰੇਨ ਹੈ, ਉਸ ਤੇ ਬਹੁਤ ਸਾਰੇ ਨਾਜਾਇਜ਼ ਕਬਜੇ ਹੋ ਚੁੱਕੇ ਹਨ ਜਿਸ ਕਾਰਨ ਡਰੇਨ ਦੇ ਪਾਣੀ ਦੇ ਨਿਕਾਸ ਵਿੱਚ ਸਮੱਸਿਆ ਆ ਰਹੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹਨਾਂ ਨਾਜਾਇਜ਼ ਕਬਜਿਆਂ ਨੂੰ ਛੁਡਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

**ਹਲਕਾ ਮੋੜ ਨੂੰ ਪਿਛਲੇ ਤਿੰਨ ਸਾਲਾਂ ਦੌਰਾਨ ਦਿੱਤੀਆਂ ਗ੍ਰਾਂਟਾਂ ਦੇ ਵੇਰਵੇ**

499. **ਸਰਦਾਰ ਜਗਦੇਵ ਸਿੰਘ ਕਮਾਲੂ, ਐਮ.ਐਲ.ਏ.:**- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ, ਹਲਕਾ ਮੋੜ ਨੂੰ ਹੁਣ ਤੱਕ ਵੱਖ-ਵੱਖ ਕੰਮਾਂ ਲਈ ਪਿਛਲੇ ਤਿੰਨ ਸਾਲਾਂ ਵਿੱਚ ਕਿੰਨੀਆਂ ਗ੍ਰਾਂਟਾ ਦਿੱਤੀਆਂ ਗਈਆਂ ਹਨ ਅਤੇ ਕੀ ਹਲਕੇ ਦੇ ਵਿਕਾਸ ਦੇ ਕੰਮਾਂ ਲਈ ਸਬੰਧਿਤ ਹਲਕੇ ਦੇ ਐਮ.ਐਲ.ਏ. ਨੂੰ ਵੀ ਪੁੱਛਿਆ ਜਾਂਦਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਹੈਲਥ ਵਰਕਰਾਂ ਨੂੰ ਰੈਗੂਲਰ ਕਰਨਾ**

500. 1. **ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.)**
2. **ਸਰਦਾਰ ਜੈ ਕ੍ਰਿਸ਼ਨ ਸਿੰਘ, ਐਮ.ਐਲ.ਏ.) :**- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸਿਹਤ ਵਿਭਾਗ ਵਿੱਚ NHM, 221 ਹੈੱਡ, ਠੇਕਾ ਅਧਾਰਿਤ ਮਲਟੀਪਰਪਜ਼ ਹੈਲਥ ਵਰਕਰਾਂ (ਫੀਮੇਲ) ਨੂੰ ਰੈਗੂਲਰ ਕੀਤਾ ਜਾਵੇਗਾ ਅਤੇ ਬਾਕੀ ਰਹਿੰਦੀਆਂ ਖਾਲੀ ਅਸਾਮੀਆਂ ਵਾਸਤੇ ਰੈਗੂਲਰ ਭਰਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵਗੀ;

**ਅ)** ਕੀ ਨਵ-ਨਿਯੁਕਤ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦਾ ਪ੍ਰੋਬੇਸ਼ਨ ਪੀਰੀਅਡ 3 ਸਾਲ ਤੋਂ ਘਟਾ ਕੇ 2 ਸਾਲ ਕੀਤਾ ਜਾਵੇਗਾ;

**ੲ)** ਕੀ ਸਮੁੱਚੀ ਮਲਟੀਪਰਪਜ਼ ਕੇਡਰ ਨੂੰ ਕੋਵਿਡ-19 ਦੌਰਾਨ ਵਧੀਆ ਸੇਵਾਵਾਂ ਨਿਭਾਉਣ ਬਦਲੇ ਸਪੈਸ਼ਲ ਇਨਕਰੀਮੈਂਟ ਦਿੱਤੀ ਜਾਵੇਗੀ?

**ਪਿੰਡ ਰਾਊਕੇ ਕਲਾਂ ਦੀ ਫਿਰਨੀ ਪੱਕੀ ਕਰਨਾ**

501. **ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:**- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਰਾਊਕੇ ਕਲਾਂ ਦੀ ਫਿਰਨੀ ਦੀ ਹਾਲਤ ਬਹੁਤ ਖ਼ਸਤਾ ਹੈ, ਜਿਸ ਕਾਰਨ ਮੀਂਹ ਦੇ ਵਿੱਚ ਪਿੰਡ ਵਾਸੀਆਂ ਨੂੰ ਲੰਘਣ ਵਿੱਚ ਬਹੁਤ ਮੁਸ਼ਕਲ ਆਉਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਬਣਾਉਣ ਦੀ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ ?

**ਨਿਹਾਲ ਸਿੰਘ ਵਾਲਾ ਦੇ ਪਿੰਡ ਕਿਲੀ ਚਹਿਲਾਂ ਵਿਖੇ ਬੱਸ ਸਰਵਿਸ ਸ਼ੁਰੂ ਕਰਨਾ**

502. **ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:**- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਨਿਹਾਲ ਸਿੰਘ ਵਾਲਾ ਵਿੱਚ ਪੈਂਦੇ ਪਿੰਡ ਕਿਲੀ ਚਹਿਲਾਂ ਵਿਖੇ ਕੋਈ ਵੀ ਬੱਸ ਸਰਵਿਸ ਨਹੀਂ ਹੈ ਤੇ ਨਾ ਹੀ ਕੋਈ ਬੱਸ ਰੋਡ ਤੇ ਰੁਕ ਕੇ ਜਾਂਦੀ ਹੈ ਜਦੋਂ ਕਿ ਪਿੰਡ ਤੋਂ ਕਸਬਾ ਅਜੀਤਵਾਲ 5 ਕਿਲੋਮੀਟਰ ਤੇ ਜਗਰਾਉਂ ਸ਼ਹਿਰ 15 ਕਿਲੋਮੀਟਰ ਹੈ; ਜੇਕਰ ਅਜਿਹਾ ਹੈ ਤਾਂ ਲੋਕਾਂ ਦੀ ਇਸ ਮੁਸ਼ਕਲ ਦਾ ਹੱਲ ਕਦੋਂ ਤੱਕ ਕੀਤਾ ਜਾਵੇਗਾ?

**ਹਲਕਾ ਦਿੜ੍ਹਬਾ ਵਿਖੇ ਮਾਰਕਫੈੱਡ ਨੂੰ ਪੱਕਾ ਦਫਤਰ ਦੇਣਾ ਅਤੇ ਅਕਾਂਊਟੈਂਟ ਦੀ ਅਸਾਮੀ ਭਰਨਾ**

503. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.:**- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਹਲਕਾ ਦਿੜ੍ਹਬਾ ਜਿਲ੍ਹਾ ਸੰਗਰੂਰ ਵਿੱਚ ਮਾਰਕਫੈੱਡ ਦੇ ਦਫਤਰ ਲਈ ਕੋਈ ਸਥਾਨ ਨਹੀਂ ਹੈ ਜਿਸ ਕਾਰਨ ਸਟਾਫ ਨੂੰ ਅਲੱਗ-ਅਲੱਗ ਸਥਾਨਾਂ ਤੇ ਬਿਠਾਇਆ ਜਾ ਰਿਹਾ ਹੈ ਜਿਸ ਨਾਲ ਦਫਤਰੀ ਕੰਮਕਾਜ ਸਹੀ ਢੰਗ ਨਾਲ ਨਹੀਂ ਚੱਲ ਰਿਹਾ; ਜੇਕਰ ਅਜਿਹਾ ਹੋਵੇ ਤਾਂ ਸੰਗਰੂਰ ਵਿਖੇ ਮਾਰਕਫੈਡ ਦੀ ਬ੍ਰਾਂਚ ਨੂੰ ਕਦੋਂ ਤੱਕ ਪੱਕਾ ਦਫਤਰ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਉਕਤ ਦਫਤਰ ਵਿੱਚ ਅਕਾਊਟੈਂਟ ਦੀ ਅਸਾਮੀ ਵੀ ਖਾਲੀ ਪਈ ਹੈ; ਜੇਕਰ ਅਜਿਹਾ ਹੋਵੇ ਤਾਂ ਖਾਲੀ ਪਈ ਅਕਾਊਟੈਂਟ ਦੀ ਅਸਾਮੀ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਦਿੜ੍ਹਬਾ ਦੇ ਪਿੰਡ ਛਾਜਲਾ ਨੂੰ ਪਿੰਡ ਛਾਜਲੀ ਦੇ ਗਰਿੱਡ ਤੋਂ ਬਿਜਲੀ ਸਪਲਾਈ ਦੇਣਾ**

504. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.:**- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਹਲਕਾ ਦਿੜ੍ਹਬਾ ਦੇ ਪਿੰਡ ਛਾਜਲਾ ਨੂੰ ਬਿਜਲੀ ਦੀ ਸਪਲਾਈ ਪਿੰਡ ਗੰਢੂਆਂ ਗਰਿੱਡ ਤੋਂ ਆਉਂਦੀ ਹੈ ਜ਼ੋ ਕਿ 10-12 ਕਿਲੋਮੀਟਰ ਦੀ ਦੂਰੀ ਤੇ ਪੈਂਦਾ ਹੈ ਅਤੇ ਇਸ ਗਰਿੱਡ ਤੋਂ ਪੰਜ-ਛੇ ਹੋਰ ਪਿੰਡਾਂ ਨੂੰ ਵੀ ਬਿਜਲੀ ਦੀ ਸਪਲਾਈ ਜਾਂਦੀ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਬਿਜਲੀ ਦਾ ਲੋਡ ਜਿਆਦਾ ਹੋਣ ਕਾਰਨ ਕੋਈ ਨਾ ਕੋਈ ਨੁਕਸ ਪਿਆ ਹੀ ਰਹਿੰਦਾ ਹੈ ਜਿਸ ਨੂੰ ਠੀਕ ਕਰਨ ਲਈ ਕਾਫੀ ਸਮਾਂ ਲਗ ਜਾਂਦਾ ਹੈ ਜਿਸ ਕਾਰਨ ਸਥਾਨਕ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ;

**ੲ)** ਕੀ ਇਹ ਵੀ ਠੀਕ ਹੈ ਕਿ ਪਿੰਡ ਛਾਜਲੀ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਦਾ ਪਾਵਰ ਗਰਿੱਡ ਪਿੰਡ ਛਾਜਲਾ ਲਈ ਨੇੜੇ ਹੈ;

**ਸ)** ਜੇਕਰ ਉਪਰੋਕਤ ਭਾਗਾਂ (ੳ), (ਅ) ਅਤੇ (ੲ) ਦਾ ਉੱਤਰ ਹਾਂ ਵਿੱਚ ਹੈ ਤਾਂ ਲੋਕਾਂ ਦੀ ਇਸ ਮੁਸ਼ਕਲ ਨੂੰ ਵੇਖਦੇ ਹੋਏ ਪਿੰਡ ਛਾਜਲਾ ਨੂੰ ਪਿੰਡ ਛਾਜਲੀ ਦੇ ਗਰਿੱਡ ਤੋਂ ਬਿਜਲੀ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਅਧੀਨ ਸੇਵਾਵਾਂ ਚੋਣ ਬੋਰਡ ਮੁਹਾਲੀ ਵੱਲੋਂ ਲਏ ਗਏ ਟੈਸਟ ਵਿੱਚੋਂ ਪਾਸ ਨੌਜਵਾਨਾਂ ਨੂੰ ਜੁਆਇਨ ਕਰਵਾਉਣਾ**

505. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.:**- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਰਿੱਟ ਸੀ.ਡਬਲਯੂ.ਪੀ. 21300/2016 (ਟਾਈਟਲ ਜਗਜੀਤ ਸਿੰਘ ਐਂਡ ਅਦਰ ਕਨੈਕਟਿਡ ਕੇਸ) ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ ਦੇ ਪਾਸ ਬੇਰੁਜਗਾਰ ਨੌਜਵਾਨਾਂ ਦੇ ਹੱਕ ਵਿੱਚ ਫੈਸਲਾ ਕੀਤਾ ਸੀ, ਜਿਸ ਮੁਤਾਬਿਕ ਮਾਣਯੋਗ ਅਦਾਲਤ ਵੱਲੋਂ ਪੰਜਾਬ ਸਰਕਾਰ ਨੂੰ ਇਹ ਫੈਸਲਾ ਸੁਣਾਇਆ ਗਿਆ ਸੀ ਕਿ ਅਧੀਨ ਸੇਵਾਵਾਂ ਚੋਣ ਬੋਰਡ, ਮੁਹਾਲੀ ਵੱਲੋਂ ਲਏ ਗਏ ਟੈਸਟ ਵਿੱਚੋਂ ਪਾਸ ਬੇਰੁਜ਼ਗਾਰ ਨੌਜਵਾਨਾਂ ਨੂੰ ਜੁਆਇਨ ਕਰਵਾਇਆ ਜਾਵੇ;

**ਅ)** ਕੀ ਇਹ ਵੀ ਠੀਕ ਹੈ ਕਿ ਇਹ ਹੁਕਮ 05-09-2019 ਨੂੰ ਸੁਣਾਇਆ ਗਿਆ ਸੀ, ਜਿਸ ਦੀ ਸਰਟੀਫਾਇਡ ਕਾਪੀ ਮਿਤੀ 21-01-2020 ਨੂੰ ਸੈਕਟਰੀ ਐਸ.ਐਸ.ਬੋਰਡ, ਪੰਜਾਬ ਕੋਲ ਜਮ੍ਹਾਂ ਕਰਵਾ ਦਿੱਤੀ ਗਈ ਸੀ;

**ੲ)** ਜੇਕਰ ਉਪਰੋਕਤ ਭਾਗਾਂ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਅਧੀਨ ਸੇਵਾਵਾਂ ਚੋਣ ਬੋਰਡ, ਮੋਹਾਲੀ ਵੱਲੋਂ ਲਏ ਗਏ ਟੈਸਟ ਵਿੱਚ ਪਾਸ ਬੇਰੁਜ਼ਗਾਰ ਨੌਜਵਾਨਾਂ ਨੂੰ ਜੁਆਇਨ ਨਾ ਕਰਵਾਉਣ ਦੇ ਕੀ ਕਾਰਨ ਹਨ ਅਤੇ ਇਹਨਾਂ ਨੂੰ ਕਦੋਂ ਤੱਕ ਜੁਆਇੰਨ ਕਰਵਾ ਦਿੱਤਾ ਜਾਵੇਗਾ?

**ਟੈਸਟ ਪਾਸ ਕਰ ਚੁੱਕੇ ਉਮੀਦਵਾਰਾਂ ਨੂੰ ਨੌਕਰੀਆਂ ਦੇਣਾ**

506. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.:**- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਪਾਸ ਬੇਰੁਜਗਾਰ ਨੌਜਵਾਨਾਂ ਨੂੰ ਇਸ ਕਰਕੇ ਨੌਕਰੀ ਨਹੀਂ ਦਿੱਤੀ ਗਈ ਕਿਉਂਕਿ ਉਹਨਾਂ ਨੇ ਪੰਜਾਬ ਰਾਜ ਤੋਂ ਬਾਹਰ ਦੀ ਯੂਨੀਵਰਸੀਟੀ ਤੋਂ ਡਿਗਰੀ ਪ੍ਰਾਪਤ ਕੀਤੀ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ ਵੱਲੋਂ ਇਸਤਿਹਾਰ ਨੰਬਰ 04/2016, 1883 ਕਲਰਕ ਭਰਤੀ ਵਿੱਚ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਦੀਆਂ ਯੂਨੀਵਰਸੀਟੀਆਂ ਤੋਂ ਡਿਸਟੈਂਸ ਮੋਡ ਰਾਹੀਂ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ;

**ਪਰਤੋਂ ਜੀ...**

**ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਕਲਰਕਾਂ ਦੀਆਂ ਅਸਾਮੀਆਂ ਦੀ ਭਰਤੀ**

**507. ਸ਼੍ਰੀ. ਅਮਨ ਅਰੋੜਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ ਨੰਬਰ 4/2016 ਅਧੀਨ ਕਲਰਕਾਂ ਦੀਆਂ 1883 ਅਸਾਮੀਆਂ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ; ਜਿਸਦਾ ਨਤੀਜਾ 10 ਜੁਲਾਈ 2019 ਨੂੰ ਘੋਸ਼ਿਤ ਕੀਤਾ ਗਿਆ;

**ਅ)** ਕੀ ਇਹ ਵੀ ਠੀਕ ਹੈ ਕਿ ਇਸ ਇਸ਼ਤਿਹਾਰ ਮੁਤਾਬਿਕ ਦਰਸਾਈਆਂ ਗਈਆਂ ਸਾਬਕਾ ਫੌਜੀ ਜਨਰਲ ਅਤੇ ਸਪੋਰਟਸਪਰਸਨ ਜਨਰਲ ਦੀਆਂ ਖਾਲੀ ਅਸਾਮੀਆਂ ਜਨਰਲ ਕੈਟੇਗਿਰੀ ਦੇ ਵੇਟਿੰਗ ਉਮੀਦਵਾਰਾਂ ਨੂੰ ਹੁਣ ਤੱਕ ਨਹੀਂ ਦਿੱਤੀਆਂ ਗਈਆਂ;

**ੲ)** ਜੇਕਰ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਬੋਰਡ ਦੀ ਵੇਟਿੰਗ ਸੂਚੀ ਵਿੱਚ ਦਰਜ ਯੋਗ ਉਮੀਦਵਾਰਾਂ ਨੂੰ ਇਹਨਾਂ ਅਸਾਮੀਆਂ ਤੇ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਪੰਜਾਬ ਆਰਮਡ ਪੁਲਿਸ ਕਰਮਚਾਰੀਆਂ ਨੂੰ ਜਿਲ੍ਹਾ ਪੁਲਿਸ ਵਿੱਚ ਤਬਦੀਲ ਕਰਨਾ**

**508. ਸ਼੍ਰੀ. ਅਮਨ ਅਰੋੜਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਸਰਕਾਰ ਨੇ ਪੰਜਾਬ ਆਰਮਡ ਪੁਲਿਸ ਦੇ ਸਮੂਹ ਕਰਮਚਾਰੀਆਂ ਨਾਲ ਵਾਅਦਾ ਕੀਤਾ ਸੀ ਕਿ ਪੰਜ ਸਾਲ ਆਰਮਡ ਪੁਲਿਸ ਦੀ ਡਿਊਟੀ ਪੂਰੀ ਕਰ ਚੁੱਕੇ ਪੁਲਿਸ ਮੁਲਾਜਮਾਂ ਨੂੰ ਜਿਲ੍ਹਾ ਪੁਲਿਸ ਵਿੱਚ ਭੇਜਿਆ ਜਾਵੇਗਾ;

**ਅ)** ਕੀ ਇਹ ਵੀ ਠੀਕ ਹੈ ਕਿ ਉਪਰੋਕਤ ਵਰਣਿਤ ਸੂਬੇ ਦੇ ਸਮੂਹ ਆਰਮਡ ਪੁਲਿਸ ਦੇ ਮੁਲਾਜਮਾਂ ਨੂੰ 13 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ ਪਰ ਉਹਨਾਂ ਨੂੰ ਜਿਲ੍ਹਾ ਪੁਲਿਸ ਵਿੱਚ ਤਬਦੀਲ ਨਹੀਂ ਕੀਤਾ ਗਿਆ;

**ੲ)** ਜੇਕਰ ਉਪਰੋਕਤ ਭਾਗਾਂ ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸਰਕਾਰ ਆਪਣੇ ਕੀਤੇ ਵਾਅਦੇ ਨੂੰ ਪੂਰਾ ਕਰਕੇ ਆਰਮਡ ਪੁਲਿਸ ਦੇ ਸਮੂਹ ਕਰਮਚਾਰੀਆਂ ਜ਼ੋ ਅਪਣੇ ਪੰਜ ਸਾਲ ਡਿਊਟੀ ਪੂਰੀ ਕਰ ਚੁੱਕੇ ਹਨ, ਨੂੰ ਜਿਲ੍ਹਾ ਪੁਲਿਸ ਵਿੱਚ ਤਬਦੀਲ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ?

**ਪਿੰਡ ਵਾਹਾਵਾਲਾ ਅਤੇ ਪਿੰਡ ਰਾਮਸਰਾ ਦੇ ਕਮਿਊਨਿਟੀ ਹੈਲਥ ਸੈਂਟਰ ਦੁਬਾਰਾ ਚਾਲੂ ਕਰਨਾ**

**509. ਸ਼੍ਰੀ. ਅਮਨ ਅਰੋੜਾ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਪਿੰਡ ਵਾਹਾਵਾਲਾ ਅਤੇ ਪਿੰਡ ਰਾਮਸਰਾ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਦੇ ਕਮਿਊਨਿਟੀ ਹੈਲਥ ਸੈਂਟਰ ਕਾਫੀ ਲੰਮੇ ਸਮੇਂ ਤੋਂ ਬੰਦ ਪਏ ਹਨ ਜਿਸ ਕਾਰਨ ਸਥਾਨਕ ਲੋਕਾਂ ਨੂੰ ਆਪਣੇ ਇਲਾਜ ਵਿੱਚ ਕਾਫੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਨਿਤ ਹੈਲਥ ਸੈਂਟਰਜ਼ ਦੀਆਂ ਇਮਾਰਤਾਂ ਵੀ ਬਹੁਤ ਖਸਤਾ ਹਾਲ ਵਿੱਚ ਹਨ ਜੋ ਕਿ ਕਦੇ ਵੀ ਕਿਸੇ ਅਣਸੁਖਾਵੀਂ ਘਟਨਾ ਦਾ ਕਾਰਨ ਬਣ ਸਕਦੀਆਂ ਹਨ;

**ੲ)** ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਸਥਾਨਕ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਵੇਖਦੇ ਹੋਏ ਇਹਨਾਂ ਸੈਂਟਰਜ਼ ਨੂੰ ਮੁੜ ਖੋਲ੍ਹਣ ਅਤੇ ਇਹਨਾਂ ਦੀਆਂ ਇਮਾਰਤਾਂ ਦੀ ਮੁਰੰਮਤ ਜਾਂ ਮੁੜ ਉਸਾਰੀ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਕਸਬਾ ਭਦੌੜ ਵਾਸਤੇ ਸਫਾਈ ਦੀ ਮਸ਼ੀਨ ਦਾ ਪ੍ਰਬੰਧ ਕਰਨਾ**

**510. ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਿ ਇਹ ਠੀਕ ਹੈ ਕਿ ਕਸਬਾ ਭਦੌੜਾ, ਜਿਲ੍ਹਾ ਬਰਨਾਲਾ ਵਿੱਚ ਪਾਇਆ ਸੀਵਰੇਜ਼ ਆਮ ਤੌਰ ਤੇ ਬੰਦ ਹੋ ਜਾਂਦਾ ਹੈ ਜਿਸਦੀ ਸਫਾਈ ਲਈ ਬਾਹਰੋਂ ਮਸ਼ੀਨ ਮੰਗਵਾ ਕੇ ਬਲੋਕੇਜ਼ ਸਾਫ ਕਰਨੀ ਪੈਂਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਕਸਬਾ ਭਦੌੜ ਵਾਸਤੇ ਸਫਾਈ ਲਈ ਮਸ਼ੀਨ ਖਰੀਦਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

**ਪਿੰਡ ਤਲਵੰਡੀ ਜਿਲ੍ਹਾ ਬਰਨਾਲਾ ਦੇ ਪਸ਼ੂ ਹਸਪਤਾਲ ਵਿਖੇ ਸਟਾਫ ਦੀ ਘਾਟ**

**511. ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਤਲਵੰਡੀ, ਜਿਲ੍ਹਾ ਬਰਨਾਲਾ ਦੇ ਪਸ਼ੂ ਹਸਪਤਾਲ ਵਿਖੇ ਕੋਈ ਡਾਕਟਰ ਅਤੇ ਹੋਰ ਲੋੜੀਂਦਾ ਸਟਾਫ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਉੱਥੇ ਡਾਕਟਰ ਅਤੇ ਲੋੜੀਂਦਾ ਸਟਾਫ ਨਿਯੁਕਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਗੜ੍ਹਸ਼ੰਕਰ ਤੋਂ ਨੰਗਲ ਰੋਡ ਦੀ ਰਿਪੇਅਰ**

**512. ਸਰਦਾਰ ਜੈ ਕ੍ਰਿਸ਼ਨ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ ਤੋਂ ਨੰਗਲ ਰੋਡ ਦੀ ਹਾਲਤ ਖ਼ਰਾਬ ਹੈ; ਜੇਕਰ ਹਾਂ ਤਾਂ ਇਸ ਰੋਡ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਗੜ੍ਹਸ਼ੰਕਰ ਦੇ ਸਰਕਾਰੀ ਅਦਾਰਿਆਂ ਦਾ ਬਿਜਲੀ ਦੇ ਬਿੱਲਾਂ ਦਾ ਬਕਾਇਆ**

**513. ਸਰਦਾਰ ਜੈ ਕ੍ਰਿਸ਼ਨ ਸਿੰਘ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਗੜ੍ਹਸ਼ੰਕਰ ਹਲਕੇ ਵਿੱਚ ਸਰਕਾਰੀ ਅਦਾਰਿਆਂ ਦਾ ਬਿਜਲੀ ਦੇ ਬਿੱਲਾਂ ਦਾ ਕਿੰਨਾ ਬਕਾਇਆ ਹੈ ਅਤੇ ਇਹ ਬਕਾਇਆ ਸਬੰਧਿਤ ਮਹਿਕਮੇਂ ਨੂੰ ਕਿੰਨੇ ਸਮੇਂ ਵਿੱਚ ਅਦਾ ਕਰ ਦਿੱਤਾ ਜਾਵੇਗਾ?

**ਸਿਹਤ ਵਿਭਾਗ ਦੀਆਂ ਖਾਲੀ ਅਸਾਮੀਆਂ**

**514. ਸਰਦਾਰ ਜੈ ਕ੍ਰਿਸ਼ਨ ਸਿੰਘ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਿਹਤ ਵਿਭਾਗ ਵਿੱਚ ਕੁੱਲ ਕਿੰਨੀਆਂ ਅਸਾਮੀਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਕਿੰਨੀਆਂ ਹਨ;

**ਅ)** ਕੀ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਨਵੇਂ ਭਰਤੀ ਮੁਲਾਜਮਾਂ ਦੇ ਪ੍ਰੋਬੇਸ਼ਨ ਅਤੇ ਪੇ-ਬੈਂਡ ਨੂੰ ਰੱਦ ਕਰਨਾ**

**515. ਸਰਦਾਰ ਜੈ ਕ੍ਰਿਸ਼ਨ ਸਿੰਘ, ਐਮ.ਐਲ.ਏ.:-** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਵੇਂ ਮੁਲਾਜਮਾਂ ਦੇ ਤਿੰਨ ਸਾਲ ਦੇ ਪ੍ਰੋਬੇਸ਼ਨ ਅਤੇ ਪੇ-ਬੈਂਡ ਨੂੰ ਰੱਦ ਕਰਕੇ ਪੂਰੀ ਤਨਖਾਹ ਅਤੇ ਭੱਤੇ ਦਿੱਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਮਾਜਿਕ ਸੁੱਰਖਿਆ ਵਿਭਾਗ ਦੇ ਰਿਟਾਇਰਡ ਕਰਮਚਾਰੀਆਂ ਦੇ ਸਨਾਖਤੀ ਕਾਰਡ ਬਣਾਉਣਾ**

**516. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.:-** ਕੀ ਸਮਾਜਿਕ ਸੁੱਰਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਸਮਾਜਿਕ ਸੁੱਰਖਿਆ ਇਸਤਰੀ ਤੇ ਬਾਲ ਵਿਭਾਗ ਦੇ ਰਿਟਾਇਰਡ ਅਧਿਕਾਰੀਆਂ/ ਕਰਮਚਾਰੀਆਂ ਦੇ ਸਰਕਾਰੀ ਹਦਾਇਤਾਂ ਅਨੁਸਾਰ ਸਨਾਖਤੀ ਕਾਰਡ ਬਾਕੀ ਵਿਭਾਗਾਂ ਦੇ ਕਰਮਚਾਰੀਆਂ ਵਾਂਗ ਬਣਾਏ ਜਾਂਦੇ ਹਨ;

**ਅ)** ਜੇਕਰ ਅਜਿਹਾ ਹੋਵੇ ਤਾਂ ਕਿਸ ਮਿਤੀ ਤੱਕ ਰਿਟਾਇਰਡ ਹੋਏ ਕਰਮਚਾਰੀਆਂ/ ਅਧਿਕਾਰੀਆਂ ਦੇ ਸਨਾਖਤੀ ਕਾਰਡ ਬਣਾ ਦਿੱਤੇ ਗਏ ਹਨ ਅਤੇ ਬਾਕੀ ਦੇ ਅਧਿਕਾਰੀਆਂ/ ਕਰਮਚਾਰੀਆਂ ਦੇ ਕਾਰਡ ਕਿੰਨੇ ਚਿਰ ਵਿੱਚ ਜਾਰੀ ਕਰ ਦਿੱਤੇ ਜਾਣਗੇ?

**ਵਿੱਤੀ ਸਾਲ 2016-17 ਤੋਂ 2019-20 ਦੌਰਾਨ ਐਕਸਾਇਜ਼ ਡਿਊਟੀ ਤੋਂ ਇਕੱਠੀ ਕੀਤੀ ਰਕਮ ਦੇ ਵੇਰਵੇ**

**517. ਸ਼੍ਰੀ. ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਵਿੱਤੀ ਸਾਲ 2016-17, 2017-18, 2018-19 ਅਤੇ 2019-20 ਦੌਰਾਨ ਰਾਜ ਸਰਕਾਰ ਨੂੰ ਐਕਸਾਇਜ਼ ਡਿਊਟੀ ਤੋਂ ਕਿੰਨੀ-ਕਿੰਨੀ ਰਕਮ ਇਕੱਠੀ ਹੋਈ ਹੈ;

**ਅ)** ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਇਕੱਤਰ ਹੋਈ ਰਕਮ ਇਨ੍ਹਾਂ ਸਾਲਾਂ ਦੇ ਬਜਟ ਅਨੁਮਾਨਾਂ ਅਨੁਸਾਰ ਹੈ ਜਾਂ ਇਸ ਤੋਂ ਘੱਟ ਹੈ, ਜੇਕਰ ਘੱਟ ਹੈ ਤਾਂ ਸਾਲਵਾਰ ਕਿੰਨੀ-2 ਰਕਮ ਘੱਟ ਇਕੱਤਰ ਹੋਈ ਹੈ ਅਤੇ ਅਜਿਹਾ ਹੋਣ ਦੇ ਕੀ ਕਾਰਨ ਹਨ ਵੇਰਵੇ ਸਹਿਤ ਦੱਸਿਆ ਜਾਵੇ?

**ਸਾਲ 2016-17 ਤੋਂ 2019-20 ਦੌਰਾਨ ਸਟੈਂਪ ਡਿਊਟੀ/ਰਜਿਸਟ੍ਰੇਸ਼ਨ ਚਾਰਜਿਜ਼ ਤੋਂ ਇਕੱਠੀ ਕੀਤੀ ਰਕਮ ਦੇ ਵੇਰਵੇ**

**518. ਸ਼੍ਰੀ. ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਵਿੱਤੀ ਸਾਲ 2016-17, 2017-18, 2018-19 ਅਤੇ 2019-20 ਦੌਰਾਨ ਰਾਜ ਸਰਕਾਰ ਨੂੰ ਸਟੈਂਪ ਡਿਊਟੀ/ ਰਜਿਸਟ੍ਰੇਸ਼ਨ ਚਾਰਜਿਜ਼ ਤੋਂ ਕਿੰਨੀ-ਕਿੰਨੀ ਰਕਮ ਇਕੱਠੀ ਹੋਈ ਹੈ;

**ਅ)** ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਇਕੱਤਰ ਹੋਈ ਰਕਮ ਇਨ੍ਹਾਂ ਸਾਲਾਂ ਦੇ ਬਜਟ ਅਨੁਮਾਨਾਂ ਅਨੁਸਾਰ ਹੈ ਜਾਂ ਇਸ ਤੋਂ ਘੱਟ ਹੈ, ਜੇਕਰ ਰਕਮ ਘੱਟ ਇਕੱਤਰ ਹੋਈ ਹੈ ਤਾਂ ਸਾਲਵਾਰ ਕਿੰਨੀ-ਕਿੰਨੀ ਰਕਮ ਘੱਟ ਇਕੱਤਰ ਹੋਈ ਹੈ ਅਤੇ ਅਜਿਹਾ ਹੋਣ ਦੇ ਕੀ ਕਾਰਨ ਹਨ ਵੇਰਵੇ ਸਹਿਤ ਦੱਸਿਆ ਜਾਵੇ?

**ਪੇਂਡੂ ਵਿਕਾਸ ਵਿਭਾਗ ਨਾਲ ਸਬੰਧਤ ਵਿਕਾਸ ਲਈ ਦਿੱਤੇ ਫੰਡ ਮੁੜ ਰਿਲੀਜ਼ ਕਰਨਾ**

**519. ਸਰਦਾਰ ਬਲਦੇਵ ਸਿੰਘ ਖਹਿਰਾ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਸਰਕਾਰ ਵੱਲੋਂ ਸਾਲ 2016-2017 ਦੌਰਾਨ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਸਬੰਧਤ ਵਿਕਾਸ ਦੇ ਕੰਮਾਂ ਲਈ ਹਲਕਾ ਫਿਲੌਰ ਦੇ ਵੱਖ-ਵੱਖ ਪਿੰਡਾਂ ਨੂੰ ਅਲਾਟ ਅਤੇ ਰਿਲੀਜ਼ ਕੀਤੇ ਹੋਏ ਫੰਡਜ਼ ਸਰਕਾਰ ਵੱਲੋਂ ਵਾਪਿਸ ਮੰਗ ਲਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਫੰਡਜ਼ ਕਦੋਂ ਤੱਕ ਮੁੜ ਰਿਲੀਜ਼ ਕਰ ਦਿੱਤੇ ਜਾਣਗੇ, ਵੇਰਵੇ ਸਹਿਤ ਦੱਸਿਆ ਜਾਵੇ?

**ਚੰਡੀਗੜ੍ਹ**
**ਮਿਤੀ 17 ਅਕਤੂਬਰ, 2020**

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**